# ਨਿਊਮੋਕੋਕਲ ਪੌਲੀਸੈਕਰਾਈਡ ਵੈਕਸੀਨ
# Pneumococcal Polysaccharide Vaccine

ਇਮਿਊਨਾਇਜ਼ੇਸ਼ਨ ਨੇ ਪਿਛਲੇ 50 ਸਾਲਾਂ ਵਿਚ ਕੈਨੇਡਾ ਵਿਚ ਸਿਹਤ ਦੇ ਕਿਸੇ ਵੀ ਹੋਰ ਉਪਾਅ ਨਾਲੋਂ ਵਧੇਰੇ ਜਾਨਾਂ ਬਚਾਈਆਂ ਹਨ।

## ਨਿਊਮੋਕੋਕਲ ਪੌਲੀਸੈਕਰਾਈਡ ਵੈਕਸੀਨ ਕੀ ਹੈ?

ਨਿਊਮੋਕੋਕਲ ਪੌਲੀਸੈਕਰਾਈਡ ਵੈਕਸੀਨ 23 ਕਿਸਮ ਦੇ ਨਿਊਮੋਕੋਕਲ ਬੈਕੇਟੀਰੀਆਂ ਤੋਂ ਬਚਾਅ ਕਰਦਾ ਹੈ। ਵੈਕਸੀਨ ਹੈਲਥ ਕੈਨੇਡਾ ਵੱਲੋਂ ਪ੍ਰਵਾਣਿਤ ਹੈ।

ਨਿਊਮੋਕੋਕਲ ਪੌਲੀਸੈਕਰਾਈਡ ਵੈਕਸੀਨ ਬਚਪਨ ਵੇਲੇ ਦੀ ਬਾਕਾਇਦਾ ਇਮਿਊਨਾਇਜ਼ੇਸ਼ਨ ਦੀ ਸਮਾਂ-ਸੂਚੀ ਦਾ ਹਿੱਸਾ ਨਹੀਂ ਹੈ। ਬੱਚਿਆਂ ਲਈ ਬਾਕਾਇਦਾ ਨਿਊਮੋਕੋਕਲ ਵੈਕਸੀਨ ਬਾਰੇ ਜਾਣਕਾਰੀ ਲੈਣ ਲਈ ਵੇਖੋ ਬੀ.ਸੀ. ਹੈਲਥਫਾਈਲ #62a ਨਿਊਮੋਕੋਕਲ ਕੰਜੂਗੇਟ (PCV 7) ਵੈਕਸੀਨ।

## ਵੈਕਸੀਨ ਕਿਸ ਨੂੰ ਲਵਾਉਣਾ ਚਾਹੀਦਾ ਹੈ?

ਕੁਝ ਲੋਕ ਨਿਊਮੋਕੋਕਲ ਇਨਫੈਕਸ਼ਨਾਂ ਨਾਲ ਬੀਮਾਰ ਹੋਣ ਦੇ ਜ਼ਿਆਦਾ ਖਤਰੇ 'ਚ ਹੁੰਦੇ ਹਨ। ਵੈਕਸੀਨ ਇਨ੍ਹਾਂ ਲੋਕਾਂ ਨੂੰ ਮੁਫਤ ਮੁਹੱਈਆ ਕੀਤਾ ਜਾਂਦਾ ਹੈ, ਜਿਨ੍ਹਾਂ 'ਚ ਸ਼ਾਮਲ ਹਨ:
- 65 ਸਾਲ ਅਤੇ ਇਸ ਤੋਂ ਵਡੇਰੀ ਉਮਰ ਦੇ ਬਜ਼ੁਰਗ
- ਰੈਜ਼ੀਡੈਂਸ਼ੀਅਲ ਕੇਅਰ, ਅਸਿਸਟਡ ਲਿਵਿੰਗ ਜਾਂ ਹੋਰ ਗਰੁੱਪ ਫੈਸਿਲਿਟੀਆਂ 'ਚ ਰਹਿਣ ਵਾਲੇ ਕਿਸੇ ਵੀ ਉਮਰ ਦੇ ਵਾਸੀ।

ਕੁਝ ਵਿਸ਼ੇਸ਼ ਮੈਡੀਕਲ ਹਾਲਤਾਂ ਵਾਲੇ 2 ਸਾਲ ਜਾਂ ਇਸ ਤੋਂ ਵੱਧ ਉਮਰ ਵਿਅਕਤੀਆਂ ਨੂੰ ਵੀ ਵੈਕਸੀਨ ਮੁਫਤ ਮੁਹੱਈਆ ਕੀਤਾ ਜਾਂਦਾ ਹੈ। ਹੇਠ ਲਿਖੀਆਂ ਹਾਲਤਾਂ ਵਾਲੇ ਲੋਕਾਂ ਨੂੰ ਵੈਕਸੀਨ ਦੀ ਇਕ ਖੁਰਾਕ ਜਾਂ ਟੀਕਾ ਲੈਣਾ ਚਾਹੀਦਾ ਹੈ, ਸਮੇਤ ਉਨ੍ਹਾਂ ਲੋਕਾਂ ਦੇ ਜਿੰਨ੍ਹਾਂ ਨੂੰ/ ਦੀ:
- ਤਿੱਲੀ ਨਹੀਂ ਹੈ, ਜਾਂ ਤਿੱਲੀ, ਜਿਹੜੀ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੀ *
- ਸਿੱਕਲ ਸੈੱਲ ਬੀਮਾਰੀ ਹੈ *
- ਕਿਸੇ ਬਿਮਾਰੀ ਜਾਂ ਡਾਕਟਰੀ ਇਲਾਜ ਨਾਲ ਇਮਿਊਨ ਸਿਸਟਮ ਕਮਜ਼ੋਰ ਹੋ ਗਿਆ ਹੈ *
- ਜਿਗਰ ਦੀ ਕੋਈ ਅਤਿ-ਗੰਭੀਰ ਬੀਮਾਰੀ, ਸਮੇਤ ਸਾਈਰੋਸਿਸ, ਅਤਿ-ਗੰਭੀਰ ਹੈਪਾਟਾਈਟਿਸ ਬੀ ਜਾਂ ਹੈਪਾਟਾਈਟਿਸ ਸੀ ਹੈ *
- ਗੁਰਦੇ ਦੀ ਅਤਿ-ਗੰਭੀਰ ਬੀਮਾਰੀ ਹੈ *
- ਦਿਲ ਜਾਂ ਫੇਫੜਿਆਂ ਦੀ ਅਤਿ-ਗੰਭੀਰ ਬੀਮਾਰੀ ਹੈ
- ਇਕ ਆਈਲੈੱਟ ਸੈੱਲ ਜਾਂ ਸਾਬਤ ਅੰਗ ਦੂਜੇ ਥਾਂ ਲਾਉਂਣਾ, ਜਾਂ ਕੌਚਲੀਅਰ (ਅੰਦਰੂਨੀ ਕੰਨ) ਬਦਲਨਾ, ਜਾਂ ਅਜਿਹੇ ਕੁਝ ਲਈ ਉਡੀਕ ਕਰ ਰਹੇ ਹਨ
- ਸਟੈੱਮ ਸੈੱਲ ਦੂਜੇ ਥਾਂ ਲਾਇਆ ਗਿਆ ਹੈ
- ਡਾਇਬਿਟੀਜ਼, ਸਿਸਟਿਕ ਫਾਈਬਰੋਸਿਸ ਜਾਂ ਅਤਿ-ਗੰਭੀਰ ਸੈਰੀਬਰੋਸਪਾਈਨਲ ਫਲੂਇਡ ਲੀਕ ਹੈ
- ਅਲਕੋਹਲ 'ਤੇ ਨਿਰਭਰਤਾ ਹੈ।

* ਇਨ੍ਹਾਂ ਗਰੁੱਪਾਂ ਵਿਚਲੇ ਲੋਕਾਂ ਨੂੰ ਪਹਿਲੀ ਖੁਰਾਕ ਤੋਂ ਕਈ ਸਾਲ ਮਗਰੋਂ ਜਾ ਕੇ ਵੈਕਸੀਨ ਦੀ ਇਕ ਹੋਰ ਖੁਰਾਕ ਲੈਣੀ ਚਾਹੀਦੀ ਹੈ। ਇਹ ਦੂਜੀ ਖੁਰਾਕ ਕਦੋਂ ਲੈਣੀ ਹੈ, ਇਸ ਬਾਰੇ ਜਾਣਨ ਲਈ ਆਪਣੇ ਪਬਲਿਕ ਹੈਲਥ ਨਰਸ ਜਾਂ ਡਾਕਟਰ ਨਾਲ ਗੱਲ ਕਰੋ।

ਲਈਆਂ ਗਈਆਂ ਸਾਰੀਆਂ ਇਮਿਊਨਾਇਜ਼ੇਸ਼ਨਾਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ।

## ਵੈਕਸੀਨ ਦੇ ਫਾਇਦੇ

ਵੈਕਸੀਨ ਨਿਊਮੋਕੋਕਲ ਇਨਫੈਕਸ਼ਨ ਤੋਂ ਬਚਾਅ ਦਾ ਸਭ ਤੋ ਉੱਤਮ ਤਰੀਕਾ ਹੈ, ਜਿਹੜੀ ਗੰਭੀਰ ਹੈ ਅਤੇ ਕਦੀ ਕਦੀ ਜਾਨਲੇਵਾ ਬੀਮਾਰੀ ਹੋ ਸਕਦੀ ਹੈ।

ਜਦੋਂ ਤੁਸੀਂ ਵੈਕਸੀਨ ਲਵਾ ਲੈਂਦੇ ਹੋ ਤਾਂ ਤੁਸੀਂ ਨਾਲ ਹੀ ਦੂਜਿਆਂ ਦੇ ਬਚਾਅ ਵਿਚ ਮਦਦ ਕਰਦੇ ਹੋ।

## ਵੈਕਸੀਨ ਤੋਂ ਮਗਰੋਂ ਦੇ ਸੰਭਵ ਰੀਐਕਸ਼ਨ

ਵੈਕਸੀਨ ਬਹੁਤ ਸੁਰੱਖਿਅਤ ਹਨ। ਨਿਊਮੋਕੋਕਲ ਬੀਮਾਰੀ ਲੱਗ ਲੈਣ ਦੇਣ ਨਾਲੋਂ ਵੈਕਸੀਨ ਲਵਾ ਲੈਣਾ ਕਿਤੇ ਵਧੇਰੇ ਸੁਰੱਖਿਅਤ ਹੈ।

ਵੈਕਸੀਨ ਦੇ ਆਮ ਰੀਐਕਸ਼ਨਾਂ 'ਚ ਸ਼ਾਮਲ ਹੋ ਸਕਦਾ ਹੈ, ਜਿਸ ਥਾਂ ਲੋਦਾ ਲੱਗਿਆ ਹੋਵੇ ਉਥੋਂ ਦੁਖਣਾ, ਲਾਲ ਹੋਣਾ ਅਤੇ ਸੋਜ ਪੈਣਾ। ਸਿਰ ਦਰਦ ਅਤੇ ਹਲਕਾ ਬੁਖਾਰ ਵੀ ਹੋ ਸਕਦਾ ਹੈ।

ਇਹ ਰੀਐਕਸ਼ਨਾਂ ਹਲਕੀਆਂ ਅਤੇ ਆਮ ਕਰਕੇ 1 ਤੋਂ 2 ਦਿਨ ਤੱਕ ਰਹਿੰਦੀਆਂ ਹਨ।

Acetaminophen ਜਾਂ Tylenol® ਬੁਖਾਰ ਲਈ ਅਤੇ ਦੁਖਣ ਤੋਂ ਦਿੱਤੀ ਜਾ ਸਕਦੀ ਹੈ। ASA ਜਾਂ Aspirin® ਰੇ ਸਿੰਡਰੋਮ ਦੇ ਖਤਰੇ ਕਾਰਨ 20 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

ਕੋਈ ਵੀ ਵੈਕਸੀਨ ਲੈਣ ਤੋਂ ਮਗਰੋਂ 15 ਮਿੰਟ ਕਲੀਨਿਕ ਵਿਚ ਰੁਕਣਾ ਮਹੱਤਵਪੂਰਨ ਹੈ ਕਿਉਂਕਿ ਭਾਵੇਂ ਬੇਹੱਦ ਹੀ ਘੱਟ, ਇਕ ਜਾਨਲੇਵਾ ਐਲਰਜੀ ਰੀਐਕਸ਼ਨ ਦੀ ਸੰਭਾਵਨਾ ਹੁੰਦੀ ਹੈ, ਜਿਸਨੂੰ ਐਨਾਫਾਇਲੈਕਸਿਸ ਕਿਹਾ ਜਾਂਦਾ ਹੈ। ਇਸ ਨਾਲ ਛਪਾਕੀ, ਸਾਹ ਲੈਣ ਵਿਚ ਤਕਲੀਫ ਜਾਂ ਗਲੇ, ਜੀਭ ਜਾਂ ਬੁੱਲ੍ਹਾਂ ਦੀ ਸੋਜ ਹੋ ਸਕਦੀ ਹੈ। ਜੇਕਰ ਇੰਜ ਤੁਹਾਡੇ ਕਲੀਨਿਕ ਵਿਚੋਂ ਨਿਕਲ ਆਉਂਣ ਤੋਂ ਮਗਰੋਂ ਹੁੰਦਾ ਹੈ ਤਾਂ 911 ਜਾਂ ਸਥਾਨਕ ਐਮਰਜੈਂਸੀ ਨੰਬਰ ’ਤੇ ਫੋਨ ਕਰੋ। ਇਸ ਰੀਐਕਸ਼ਨ ਦਾ ਇਲਾਜ ਹੋ ਸਕਦਾ ਹੈ ਅਤੇ ਇਹ ਵੈਕਸੀਨ ਲੈਣ ਵਾਲੇ ਇਕ ਮਿਲੀਅਨ ਲੋਕਾਂ ਵਿਚੋਂ ਇਕ ਤੋਂ ਵੀ ਘੱਟ ਜਣੇ ਨੂੰ ਹੁੰਦਾ ਹੈ।

**ਗੰਭੀਰ ਜਾਂ ਅਚਨਚੇਤ ਰੀਐਕਸ਼ਨਾਂ ਦੀ ਰਿਪੋਰਟ ਆਪਣੇ ਪਬਲਿਕ ਹੈਲਥ ਨਰਸ ਜਾਂ ਡਾਕਟਰ ਨੂੰ ਕਰੋ।**

## ਕਿਸ ਨੂੰ ਵੈਕਸੀਨ ਨਹੀਂ ਲਗਵਾਉਣਾ ਚਾਹੀਦਾ?

ਜੇਕਰ ਤੁਹਾਨੂੰ ਨਿਉਮੋਕੋਕਲ ਵੈਕਸੀਨ ਜਾਂ ਵੈਕਸੀਨ ਵਿਚਲੀ ਕਿਸੇ ਚੀਜ਼, ਸਮੇਤ ਫੇਨੋਲ ਦੀ ਕਿਸੇ ਪਹਿਲਾਂ ਦਿੱਤੀ ਖੁਰਾਕ ਜਾਂ ਕੱਚੀ ਰਬੜ ਨਾਲ ਜਾਨ ਦੇ ਖਤਰੇ ਵਾਲਾ ਰੀਐਕਸ਼ਨ ਹੋਇਆ ਹੋਵੇ ਤਾਂ ਕਿਸੇ ਪਬਲਿਕ ਹੈਲਥ ਨਰਸ ਜਾਂ ਡਾਕਟਰ ਨਾਲ ਗੱਲ ਕਰੋ।

2 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵੈਕਸੀਨ ਨਹੀਂ ਲਵਾਉਣਾ ਚਾਹੀਦਾ।

## ਨਿਊਮੋਕੋਕਲ ਇਨਫੈਕਸ਼ਨ ਕੀ ਹੈ?

ਨਿਊਮੋਕੋਕਲ ਇਨਫੈਕਸ਼ਨ ਇਕ ਜਰਮ (ਜਾਂ ਬੈਕਟੀਰੀਆ) ਕਾਰਨ ਪੈਦਾ ਹੁੰਦੀ ਹੈ। ਇਸ ਨਾਲ ਗੰਭੀਰ ਅਤੇ ਜਾਨ ਦੇ ਖਤਰੇ ਵਾਲੀਆਂ ਇਨਫੈਕਸ਼ਨਾਂ ਹੋ ਸਕਦੀਆਂ ਹਨ, ਜਿੰਨ੍ਹਾਂ ‘ਚ ਸ਼ਾਮਲ ਹੈ ਮੈਨਿੰਜਾਈਟਿਸ, ਝਿੱਲੀ, ਜਿਹੜੀ ਦਿਮਾਗ ਨੂੰ ਢੱਕਦੀ ਹੈ ਉਸਦੀ ਇਨਫੈਕਸ਼ਨ, ਅਤੇ ਸੈਪਟੀਸੇਮੀਆ, ਖੂਨ ਦੀ ਇਕ ਇਨਫੈਕਸ਼ਨ। ਹਰੇਕ 20 ਲੋਕਾਂ ਵਿਚੋਂ, ਜੋ ਬੀਮਾਰ ਹੁੰਦੇ ਹਨ, 5 ਤੱਕ ਮਰ ਜਾਣਗੇ। ਇਨਫੈਕਸ਼ਨ ਦੀਆਂ ਸਥਾਈ ਜਟਿਲਤਾਵਾਂ ‘ਚ ਸ਼ਾਮਲ ਹੈ ਦਿਮਾਗ ਦਾ ਨੁਕਸਾਨ ਅਤੇ ਬੋਲ਼ਾਪਣ।

ਨਿਊਮੋਕੋਕਲ ਇਨਫੈਕਸ਼ਨ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਖੰਘਣ, ਛਿੱਕਣ ਜਾਂ ਮੂੰਹੋਂ ਮੂੰਹੀਂ ਨਿਕਟ ਸੰਪਰਕ ਦੁਆਰਾ ਫੈਲਦੀ ਹੈ। ਇਹ ਮੂੰਹ ਵਿਚਲੇ ਪਾਣੀ ਜਾਂ ਥੁੱਕ ਰਾਹੀਂ ਵੀ ਫੈਲ ਸਕਦੀ ਹੈ। ਇੰਜ ਅਜਿਹੀਆਂ ਕਾਰਵਾਈਆਂ ਜਿਵੇਂ ਚੁੰਮਣਾ ਜਾਂ ਭੋਜਨ, ਪੀਣ ਵਾਲੀਆਂ ਚੀਜ਼ਾਂ, ਸਿਗਰਟਾਂ, ਲਿਪਸਟਿਕਾਂ, ਪਾਣੀ ਦੀਆਂ ਬੋਤਲਾਂ, ਖੇਡਾਂ ਲਈ ਵਰਤੇ ਜਾਂਦੇ ਮਾਊਥਗਾਰਡ ਜਾਂ ਸੰਗੀਤਕ ਸਾਜ਼ਾਂ ਦੇ ਮਾਊਥਪੀਸਾਂ ਨੂੰ ਸਾਂਝਿਆਂ ਕਰਨ ਦੁਆਰਾ ਹੋ ਸਕਦਾ ਹੈ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਇਮਿਊਨਾਈਜ਼ੇਸ਼ਨ ਤੋਂ ਪਹਿਲਾਂ ਮਾਪਿਆਂ ਜਾਂ ਸਰਪ੍ਰਸਤਾਂ ਦੀ ਸਹਿਮਤੀ ਲੈਣ ਲਈ ਯਤਨ ਕੀਤਾ ਜਾਂਦਾ ਹੈ। 19 ਸਾਲ ਤੋਂ ਘੱਟ ਉਮਰ ਦੇ ਬੱਚੇ ਜਿਹੜੇ ਖਤਰਿਆਂ ਅਤੇ ਫਾਇਦਿਆਂ ਨੂੰ ਸਮਝਣ ਦੇ ਯੋਗ ਹੋਣ, ਇਮਿਊਨਾਇਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ, ਭਾਵੇਂ ਉਨ੍ਹਾਂ ਦੇ ਮਾਪਿਆਂ ਜਾਂ ਸਰਪ੍ਰਸਤਾਂ ਦੀਆਂ ਇੱਛਾਵਾਂ ਕੁਝ ਵੀ ਹੋਣ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਮਾਪੇ/ਸਰਪ੍ਰਸਤ ਅਤੇ ਉਨ੍ਹਾਂ ਦੇ ਨਾਬਾਲਗ ਬੱਚੇ ਇਮਿਊਨਾਇਜ਼ੇਸ਼ਨ ਬਾਰੇ ਪਹਿਲਾਂ ਗੱਲਬਾਤ ਕਰ ਲੈਣ ਅਤੇ ਕੋਈ ਵੀ ਸਵਾਲ ਹੋਵੇ ਤਾਂ ਨਰਸ ਜਾਂ ਡਾਕਟਰ ਨੂੰ ਪੁੱਛ ਲੈਣ।

**ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਲਈ ਵੇਖੋ www.bchealthguide.org/healthfiles/index.stm, ਜਾਂ ਆਪਣੇ ਸਥਾਨਕ ਪਬਲਿਕ ਹੈਲਥ ਯੂਨਿਟ ‘ਚ ਜਾਓ।**

**ਕਿਸੇ ਰਜਿਸਟਰਡ ਨਰਸ ਨਾਲ ਗੱਲ ਕਰਨ ਲਈ, ਹਰ ਰੋਜ਼ 24-ਘੰਟੇ ਖੁੱਲੀ ਬੀ.ਸੀ. ਨਰਸਲਾਈਨ ਨੂੰ ਹੇਠ ਲਿਖੇ ਨੰਬਰਾਂ ਤੇ ਫੋਨ ਕਰੋ:**

- ਗ੍ਰੇਟਰ ਵੈਨਕੂਵਰ ਵਿਚ 604-215-4700 ‘ਤੇ ਫੋਨ ਕਰੋ
- ਬੀ.ਸੀ. ਵਿਚ ਟੋਲ-ਫਰੀ ਨੰਬਰ 1-866-215-4700 ‘ਤੇ ਫੋਨ ਕਰੋ
- ਬੋਲ਼ੇ ਅਤੇ ਘੱਟ ਸੁਣਨ ਵਾਲੇ ਵਿਅਕਤੀ 1-866-889-4700 ‘ਤੇ ਫੋਨ ਕਰਨ
- ਫਾਰਮਾਸਿਸਟ ਹਰ ਰੋਜ਼ ਸ਼ਾਮ ਦੇ 5 ਵਜੇ ਤੋਂ ਸਵੇਰ ਦੇ 9 ਵਜੇ ਤੱਕ ਉਪਲਬਧ
- ਬੇਨਤੀ ਕਰਨ ‘ਤੇ ਤਰਜਮੇ ਦੀਆਂ ਸੇਵਾਵਾਂ 130 ਤੋਂ ਵੱਧ ਜ਼ੁਬਾਨਾਂ ਵਿਚ ਉਪਲਬਧ ਹਨ।

**www.bchealthguide.org‘ਤੇ ਬੀ.ਸੀ. ਹੈਲਥ ਗਾਈਡ ਆਨਲਾਈਨ ਵੇਖੋ – ਦੁਨੀਆ ਭਰ ਦੀ ਸਿਹਤ ਸਬੰਧੀ ਜਾਣਕਾਰੀ ਜਿਸ ‘ਤੇ ਤੁਸੀਂ ਭਰੋਸਾ ਕਰ ਸਕਦੇ ਹੋ।**

BRITISH COLUMBIA The Best Place on Earth
ImmunizeBC
BC Centre for Disease Control
AN AGENCY OF THE PROVINCIAL HEALTH SERVICES AUTHORITY